ਆਸਟ੍ਰੇਲੀਆ ਨਸਲਵਾਦੀਆਂ ਦਾ ਦੇਸ਼ ਨਹੀਂ-ਸਿੱਖ ਫੈਡਰੇਸ਼ਨ ਆਫ ਆਸਟ੍ਰੇਲੀਆ

ਮੈਲਬੌਰਨ, 30 ਜਨਵਰੀ (ਬਲਜੀਤ ਖੇਲਾ) ਆਸਟ੍ਰੇਲੀਆ 'ਚ ਵਾਪਰ ਰਹੀਆਂ ਘਟਨਾਵਾਂ ਨੂੰ ਨਸਲਵਾਦ ਦੀ ਰੰਗਤ ਦੇਣਾ ਵਾਜਿਬ ਨਹੀਂ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ "ਸਿੱਖ ਫੈਡਰੇਸ਼ਨ ਆਫ ਆਸਟ੍ਰੇਲੀਆ" ਦੇ ਪ੍ਰਧਾਨ ਜਸਪ੍ਰੀਤ ਸਿੰਘ ਨੇ ਜਾਰੀ ਕੀਤੇ ਬਿਆਨ 'ਚ ਕੀਤਾ। ਉਹਨਾਂ ਭਾਰਤ ਦੇ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ, ਮੁੱਖ ਮੰਤਰੀ ਪੰਜਾਬ ਤੇ ਕੁਝ ਭਾਰਤੀ ਅਖਬਾਰਾਂ ਦੇ ਸੰਪਾਦਕਾਂ ਨੂੰ ਲਿਖੇ ਪੱਤਰ 'ਚ ਮੰਗ ਕੀਤੀ ਕਿ ਸਰਕਾਰ ਭਾਰਤੀ ਮੀਡੀਆ ਦੀ ਆਸਟ੍ਰੇਲੀਆ ਵਿਰੋਧੀ ਕਾਰਵਾਈ ਨੂੰ ਰੋਕਣ ਲਈ ਕਦਮ ਚੁੱਕੇ। ਉਹਨਾਂ ਕਿਹਾ ਕਿ ਆਏ ਦਿਨ ਭਾਰਤੀ ਰੇਡੀਓ,ਟੈਲੀਵਿਜਨ ਤੇ ਅਖਬਾਰਾਂ ਆਸਟ੍ਰੇਲੀਆ 'ਚ ਵਾਪਰ ਰਹੀਆਂ ਘਟਨਾਵਾਂ ਨੂੰ ਨਸਲਵਾਦ ਦੀ ਰੰਗਤ ਦੇ ਕੇ ਜਿੱਥੇ ਦੋਵਾਂ ਦੇਸ਼ਾਂ ਦੇ ਸੰਬੰਧ ਵਿਗਾੜਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ ਉੱਥੇ ਆਸਟ੍ਰੇਲੀਅਨ ਲੋਕਾਂ ਦੇ ਮਨਾਂ 'ਚ ਭਾਰਤੀਆਂ ਪ੍ਰਤੀ ਨਫ਼ਰਤ ਭਰਨ 'ਚ ਵੀ ਮੋਹਰੀ ਭੂਮਿਕਾ ਅਦਾ ਕਰ ਰਹੀਆਂ ਹਨ। ਸ. ਜਸਪ੍ਰੀਤ ਸਿੰਘ ਨੇ ਕਿਹਾ ਕਿ ਭਾਰਤੀ ਮੀਡੀਆ ਆਏ ਦਿਨ ਭਾਰਤੀ ਨੌਜਵਾਨਾਂ ਉੱਤੇ ਹਮਲਿਆਂ ਦੀ ਖਬਰਾਂ ਤਾਂ ਮੁੱਖ ਪੰਨਿਆਂ ਤੇ ਛਾਪ ਰਿਹਾ ਪ੍ਰੰਤੂ ਭਾਰਤੀ ਨੌਜਵਾਨਾਂ ਵਲੋਂ ਕੀ ਜ਼ੁਰਮਾਂ ਨੂੰ ਅੱਖੋਂ ਪਰੋਖੇ ਕਰਕੇ ਪੱਤਰਕਾਰੀ ਨਾਲ ਨਾ ਇਨਸਾਫ਼ੀ ਕਰ

ਆਸਟ੍ਰੇਲੀਆ 'ਚ ਪੜ੍ਹਦੇ 100 ਤੋਂ ਵੱਧ ਦੇਸ਼ਾਂ ਦੇ ਵਿਦਿਆਰਥੀਆਂ ਨਾਲ ਕੋਈ ਵੀ ਨਸਲੀ ਵਿਤਕਰਾ ਨਹੀਂ

ਰਿਹਾ ਹੈ, ਜਿਵੇਂ ਕੁੱਝ ਸਮਾਂ ਪਹਿਲਾਂ ਇੱਕ ਭਾਰਤੀ ਵਲੋਂ 8 ਮਹੀਨੇ ਦੀ ਗਰਭਵਤੀ ਔਰਤ ਨੂੰ ਕਾਰ ਥੱਲੇ ਕੁਚਲ ਦਿੱਤਾ। ਇੱਕ ਹੋਰ ਭਾਰਤੀ ਵਲੋਂ ਇੱਕ ਆਸਟ੍ਰੇਲੀਅਨ ਨੂੰ ਸੜ੍ਹਕ ਪਾਰ ਕਰਦੇ ਸਮੇਂ ਕਾਰ ਹੇਠਾਂ ਦੇ ਕੇ ਮਾਰ ਦਿੱਤਾ ਗਿਆ ਤੇ ਕੁਝ ਦਿਨ ਪਹਿਲਾਂ ਨਾਭਾ ਲਾਗੇ ਦੇ ਨੌਜਵਾਨ ਰਣਜੋਧ ਸਿੰਘ ਜਿਸਦੀ ਕਿ ਲਾਸ਼ ਗਲੀ ਸੜ੍ਹੀ ਹਾਲਤ 'ਚ ਮਿਲੀ ਸੀ ਨੂੰ ਕਤਲ ਕਰਨ ਦੇ ਦੋਸ਼ 'ਚ ਇੱਕ ਪੰਜਾਬੀ ਪਤੀ-ਪਤਨੀ ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ, ਦੀਆਂ ਖਬਰਾਂ ਕਦੇ ਵੀ ਨਹੀਂ ਛਾਪੀਆਂ ਗਈਆਂ। ਨਾਲ ਹੀ ਉਹਨਾਂ ਭਾਰਤ 'ਚ ਛਪ ਰਹੀਆਂ ਇਹਨਾਂ ਖਬਰਾਂ ਦੀ ਆੜ ਹੇਠ ਕੁੱਝ ਭਾਰਤੀ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਬਿਆਨਾਂ ਤੇ ਤਿੱਖਾ ਨੋਟਿਸ ਲੈਂਦੇ ਉਹਨਾਂ ਕਿਹਾ ਇਹ ਸਭ ਕੁਝ ਲੋਕਾਂ ਨੂੰ ਵਰਗਲਾ ਕੇ ਆਪਣਾ ਵੋਟ ਬੈਂਕ ਮਜਬੂਤ ਕਰਨ ਲਈ ਹੀ ਕੀਤਾ ਜਾ ਰਿਹਾ ਹੈ। ਇਸ ਪੱਤਰ 'ਚ ਉਹਨਾਂ ਲਿਖਿਆ ਕਿ ਆਸਟ੍ਰੇਲੀਆ ਪੜ੍ਹ ਰਹੇ ਵਿਦਿਆਰਥੀਆਂ ਵਾਰੇ ਛਪ ਰਹੀਆਂ ਖਬਰਾਂ ਕਿ ਵਿਦਿਆਰਥੀਆਂ ਦੀ ਹਾਲਤ ਵਧੀਆ ਨਹੀਂ ਬਿਲਕੁਲ ਹੀ ਝੂਠ ਹੈ। ਆਸਟ੍ਰੇਲੀਆ 'ਚ ਵਾਪਰ ਰਹੀਆਂ ਘਟਨਾਵਾਂ ਦੀ ਆਸਟ੍ਰੇਲੀਆ ਪੁਲਿਸ ਤੇ ਹੋਰ ਏਜੰਸੀਆਂ ਵਲੋਂ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਤੇ ਕੁਝ ਇਕ ਦੋਸ਼ੀਆਂ ਨੂੰ ਸਜ਼ਾ ਵੀ ਦਿੱਤੀ ਜਾ ਰਹੀ ਹੈ। ਸ. ਜਸਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਮੀਡੀਆ ਦੀ ਆਸਟ੍ਰੇਲੀਆ ਵਿਰੋਧੀ ਕਾਰਵਾਈ ਇਵੇਂ ਹੀ ਚੱਲਦੀ ਰਹੀ ਤਾਂ ਇਸ ਸ਼ਾਂਤ ਤੇ ਵਧੀਆ ਦੇਸ਼ ਆਸਟ੍ਰੇਲੀਆ 'ਚ ਵਾਕਿਆ ਹੀ ਨਸਲੀ ਦੰਗੇ ਸ਼ੁਰੂ ਹੋ ਸਕਦੇ ਹਨ। ਜ਼ਿਕਰਯੋਗ ਹੈ ਕਿ ਆਸਟ੍ਰੇਲੀਆ 'ਚ ਦੁਨੀਆ ਭਰ ਦੇ 100 ਤੋਂ ਵੀ ਵੱਧ ਦੇਸ਼ਾਂ ਦੇ ਵਿਦਿਆਰਥੀ ਪੜ੍ਹਦੇ ਹਨ ਪ੍ਰੰਤੂ ਉਹਨਾਂ 'ਤੇ ਤਾਂ ਕਦੇ ਵੀ ਕਿਸੇ ਨੇ ਨਸਲੀ ਹਮਲਾ ਨਹੀਂ ਕੀਤਾ। ਇਹਨਾਂ ਸਭ ਗੱਲਾਂ ਨੂੰ ਮੱਦੇਨਜਰ ਰੱਖਦੇ ਹੋਏ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਕੋਲੋਂ ਭਾਰਤ ਤੇ ਆਸਟ੍ਰੇਲੀਆ ਦੇ ਰਿਸ਼ਤਿਆਂ ਦੀ ਮਜ਼ਬੂਤੀ ਲਈ ਬਣਦੇ ਕਦਮ ਚੁੱਕੇ ਜਾਣ ਦੀ ਮੰਗ ਵੀ "ਸਿੱਖ ਫੈਡਰੇਸ਼ਨ ਆਫ ਆਸਟ੍ਰੇਲੀਆ" ਨੇ ਕੀਤੀ।

[redacted] ਸੀਨੀਅਰ ਸਿਟੀਜਨ ਕੌਂਸਲ ਨੂੰ ਕਿਤਾਬਾਂ ਭੇਂਟ ਕਰਦੇ ਹੋਏ ਲੋਕ ਸਾਹਿਤ ਸੰਗਮ ਦੇ ਅਹੁਦੇਦਾਰ।

ਸੀਨੀਅਰ ਸਿਟੀਜਨ ਕੌਂਸਲ ਵਲੋਂ ਗਣਤੰਤਰ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਆਯੋਜਿਤ

ਪੈਰਿਸ, 30 ਜਨਵਰੀ (ਧਰਮਵੀਰ ਨਾਗਪਾਲ) ਸੀਨੀਅਰ ਸਿਟੀਜਨ ਕੌਂਸਲ ਦੇ ਹਾਲ ਵਿੱਚ ਲੋਕ ਸਾਹਿਤ ਸੰਗਮ ਰਾਜਪੁਰਾ ਦੇ ਸਹਿਯੋਗ ਨਾਲ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਲੋਕ ਸਾਹਿਤ ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਅਮਨ ਦੀ ਅਗਵਾਈ ਵਿੱਚ ਲੋਕ ਕਵੀ ਕਰਮ ਸਿੰਘ ਤਕੀਰ ਦੀ ਕਵਿਤਾ "ਪੀੜ ਹੁੰਦੀ ਹੈ" ਨਾਲ ਆਗਾਜ਼ ਹੋਇਆ। ਇਸ ਮੌਕੇ ਮੰਜੀਤ ਕੌਰ ਅੰਬਾਲਵੀਂ ਤੇ ਡਾ ਸਕੁੰਤਲਾ ਸਕੁਨ ਨੇ ਆਪਣੀਆ ਭਾਵ ਪੂਰਵਕ ਕਵਿਤਾਵਾਂ ਪੜ੍ਹੀਆਂ। ਦਰਸ਼ਨ ਬਨੂੜ ਦਾ ਗੀਤ "ਬਥੇਰਾ ਰੋਕਿਆ ਸੀ ਉਸਨੂੰ ਮੈਂ" ਤਰਨੁਮ ਵਿੱਚ ਗਾ ਕੇ ਸਮਾਂ ਬੰਨ੍ਹਿਆ। ਅਵਤਾਰ ਪੁਆਰ ਦੀ ਗ਼ਜ਼ਲ "ਮੰਗੀਆ ਖੈਰ ਦੁਆਵਾਂ ਮੇਰੇ ਦੇਸ਼ ਦੀਆ" ਸੁਰਜੀਤ ਸਿੰਘ ਸੁਰਜੀਤ ਦੀ ਸ਼ਹੀਦਾਂ ਨੂੰ ਪ੍ਰਣਾਮ ਸੁਣਾਈ, ਅੰਗਰੇਜ ਕਲੇਰ ਜੀਅ ਤਾਂ ਕਰਦਾ ਰੋਜ਼ ਜੀਆਂ ਤੇ ਮਰਾਂ ਸੁਣਾਕੇ ਚੰਗਾ ਮਾਹੌਲ ਸਿਰਜਿਆ। ਪਰਮਿੰਦਰ ਸਿੰਘ "ਰੁੱਖ ਠੰਡੀਆਂ ਛਾਵਾਂ, ਡਾ; ਗੁਰਿੰਦਰਪਾਲ ਸਿੰਘ ਦੀ ਕਵਿਤਾ "ਇਹ ਮਿਲਣਾ ਵਰਤਣਾ ਮੈਨੂੰ ਓਪਰਾ ਲਗੇ" ਸੁਣਾ ਕੇ ਵਧੀਆ ਵਾਹ ਵਾਹ ਖੱਟੀ। ਡਾ; ਸੁੰਦਰਸ਼ਨ ਗਾਸੋ "ਮਾਂ ਇੱਧਰ ਵੀ ਹੈ ਤੇ ਉੱਧਰ ਵੀ" ਸੁਣਾ ਕੇ ਸ਼ਰੋਤੇ ਕੀਲੇ। ਅਮ੍ਰਿਤਪਾਲ ਸ਼ੈਦਾ ਦੇ ਸ਼ੇਅਰ ਕਾਬਲੇ ਤਾਰੀਫ ਸਨ। ਪ੍ਰੋ; ਸ਼ਤਰੁਘਨ ਗੁਪਤਾ ਨੇ 26 ਜਨਵਰੀ ਜਨਵਰੀ ਦਾ ਮਹੱਤਵ, ਗੁਰਿੰਦਰਪਾਲ ਸਿੰਘ "ਨਾ ਵਾਜ ਸਰੀਫ" ਸੁਣਾਈ। ਡਾ. ਗੁਰਵਿੰਦਰ ਅਮਨ ਦੀ ਕਵਿਤਾ "ਪੈਗਾਮ" ਨੇ ਸਾਰੇ ਸਰੋਤਿਆ ਨੂੰ ਭਾਵੁਕ ਕਰ ਗਈ। ਹਰਬੰਸ ਅਹੂਜਾ ਨੇ ਜਿੱਥੇ ਸਟੇਜ ਦੀ ਕਾਰਵਾਈ ਚਲਾਈ ਉੱਥੇ ਆਪਣੀ ਮਿੱਠੀ ਆਵਾਜ਼ ਵਿੱਚ "ਹਮਾਰੇ ਸਾਹਮਣੇ ਗੈਰੋਂ ਸੇ ਪਿਆਰ ਕੀ ਬਾਤੇ" ਸੁਣਾਕੇ ਪ੍ਰੋਗਰਾਮ ਸ਼ਿਖਰਾਂ ਤੇ ਪੁੱਜਿਆ। ਕੌਂਸਲ ਦੇ ਪ੍ਰਧਾਨ ਸ੍; ਗੁਰਦੇਵ ਸਿੰਘ, ਕੈਪਟਨ ਗੁਰਭੇਜ ਸਿੰਘ, ਸ੍; ਬਲਦੇਵ ਸਿੰਘ ਖੁਰਾਣਾ ਨੇ ਲੋੜਵੰਦਾਂ ਨੂੰ ਕੰਬਲ ਵੰਡੇ। ਸੀਨੀਅਰ ਸੀਟੀਜਨ ਕੌਂਸਲ ਵਲੋਂ ਜਿੱਥੇ ਲੋਕ ਸਾਹਿਤ ਸੰਗਮ ਦਾ ਧੰਨਵਾਦ ਕੀਤਾ ਉਥੇ ਯਾਦ ਚਿੰਨ੍ਹ ਦੇ ਕੇ ਨਿਵਾਜਿਆ ਅਤੇ ਸੀਨੀਅਰ ਸਿਟੀਜਨ ਨੂੰ ਸਮਾਜ ਦਾ ਮਾਰਗ ਦੱਸਿਆ। ਲੋਕ ਸਾਹਿਤ ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਅਮਨ ਅਤੇ ਸਤਿਕਾਰਯੋਗ ਸ. ਆਈ.ਐਸ ਅੱਲਗ ਨੇ ਸੀਨੀਅਰ ਸਿਟੀਜਨ ਕੌਂਸਲ ਨੂੰ ਕਿਤਾਬਾ ਭੇਂਟ ਕੀਤੀਆ। ਇੱਥੇ ਇਹ ਵੀ ਜਿਕਰਯੋਗ ਹੈ ਇਸ ਖਬਰ ਦੇ ਪੜ੍ਹਨ ਤੇ ਲਿਖਣ ਨਾਲ ਮੇਰੀ ਧਰਤੀ ਕਿੰਗ ਸਿਟੀ ਆਫ ਪੰਜਾਬ ਦੇ ਸ਼ਹਿਰ ਰਾਜਪੁਰਾ ਦੇ ਸਮੂਹ ਸੀਨੀਅਰ ਸਿਟੀਜਨ ਕੌਂਸਲ ਤੇ ਲੋਕ ਸਾਹਿਤ ਸੰਗਮ ਦੇ ਮੇਰੇ ਪਿਆਰੇ ਪਿਆਰੇ ਮੈਂਬਰਾਂ ਦੀ ਵਿਦੇਸ਼ ਵਿੱਚ ਵੀ ਯਾਦ ਤਾਜ਼ਾ ਹੋ ਆਈ ਕਿ ਕਿਵੇਂ ਹਰ ਐਤਵਾਰ ਨੂੰ ਸਮੂਹ ਲੋਕਾਂ ਨਾਲ ਕਵਿਤਾਵਾ ਬੋਲ ਕੇ ਆਪਣਾ ਸ਼ੌਂਕ ਪੂਰਾ ਕਰਦਾ ਸੀ ਤੇ ਮੇਰਾ ਧਿਆਨ ਬੀਤੇ ਸਮੇਂ ਦੀਆਂ ਕਵਿਤਾਵਾਂ ਨੂੰ ਕਹਾਣੀਆਂ ਵਿੱਚ ਬਦਲ ਦੇਣ ਦਾ ਸਮਾਂ ਯਾਦ ਆਉਣ ਲੱਗ ਪਿਆ।

ਆਸਟ੍ਰੇਲੀਆ 'ਚ ਕਤਲ ਹੋਏ ਪੰਜਾਬੀ ਨੌਜਵਾਨ ਰਣਜੋਧ ਸਿੰਘ ਦੇ ਕਤਲ ਦੇ ਸੰਬੰਧ 'ਚ 3 ਪੰਜਾਬੀਆਂ ਦੀ ਗ੍ਰਿਫਤਾਰੀ

ਮੈਲਬੌਰਨ, 30 ਜਨਵਰੀ (ਬਲਜੀਤ ਖੇਲਾ) ਪਿਛਲੇ ਦਿਨੀਂ ਪੰਜਾਬ ਦੇ ਸ਼ਹਿਰ ਨਾਭਾ ਤੋਂ ਆਸਟ੍ਰੇਲੀਆ ਆਏ ਨੌਜਵਾਨ ਰਣਜੋਧ ਸਿੰਘ ਦੇ ਕਤਲ ਦੇ ਸੰਬੰਧ 'ਚ 3 ਪੰਜਾਬੀਆਂ ਨੂੰ ਆਸਟ੍ਰੇਲੀਆ ਦੀ ਪੁਲਿਸ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਬੀਤੇ ਦਿਨੀਂ ਰਣਜੋਧ ਸਿੰਘ ਦੀ ਲਾਸ਼ ਗਲੀ ਸੜ੍ਹੀ ਹਾਲਤ ਪੰਜਾਬੀ ਕਿਸਾਨਾਂ ਦੇ ਭਰਮਾਰ ਵਾਲੇ ਇਲਾਕੇ ਚੋਂ ਮਿਲਣ ਤੋਂ ਬਾਅਦ ਪੁਲਿਸ ਨੇ ਇਸ ਕਤਲ ਦੇ ਸੰਬੰਧ 'ਚ ਸਿਡਨੀ ਤੋਂ ਪੰਜਾਬੀ ਪਤੀ ਪਤਨੀ ਗੁਰਪ੍ਰੀਤ ਸਿੰਘ 23 ਸਾਲ ਤੇ ਹਰਪ੍ਰੀਤ ਕੌਰ 20 ਸਾਲ ਨੂੰ ਗ੍ਰਿਫਤਾਰ ਕਰ ਲਿਆ ਸੀ ਜਿਹਨਾਂ ਨੂੰ ਅਦਾਲਤ ਵਲੋਂ ਜਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਬੀਤੀ ਰਾਤ ਪੁਲਿਸ ਨੇ ਇਸ ਕਤਲ ਦੇ ਸੰਬੰਧ 'ਚ ਦੱਖਣੀ ਨਿਊ ਸਾਊਥ ਵੇਲਜ਼ ਤੋਂ 25 ਸਾਲਾ ਪੰਜਾਬੀ ਨੌਜਵਾਨ ਹਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਫਲਤਾ ਪ੍ਰਾਪਤ ਕੀਤੀ ਹੈ। ਰਣਜੋਧ ਸਿੰਘ ਦੇ ਕਤਲ ਦੇ ਕਾਰਨਾਂ ਦਾ ਪੁਲਿਸ ਵਲੋਂ ਜਾਂਚ ਪੜਤਾਲ ਕਰਨ ਤੋਂ ਬਾਅਦ ਖੁਲਾਸਾ ਕੀਤਾ ਜਾਵੇਗਾ। ਰਣਜੋਧ ਨੂੰ ਕਤਲ ਕਰਨ 'ਚ ਪੰਜਾਬੀਆਂ ਦਾ ਹੀ ਹੱਥ ਹੋਣ ਨੇ ਜਿੱਥੇ ਭਾਰਤੀ ਮੀਡੀਆ ਵਲੋਂ ਆਏ ਦਿਨ ਆਸਟ੍ਰੇਲੀਆ ਨੂੰ ਨਸਲਵਾਦੀ ਮੁਲਕ ਗਰਦਾਨਣ ਵਾਲੀਆਂ ਖਬਰਾਂ ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ ਓਥੇ ਹੀ "ਸਿੱਖ ਫੈਡਰੇਸ਼ਨ ਆਫ ਆਸਟ੍ਰੇਲੀਆ" ਸਮੇਤ ਅਨੇਕਾਂ ਹੀ ਭਾਰਤੀ ਸੰਸਥਾਵਾਂ ਵਲੋਂ ਭਾਰਤੀ ਮੀਡੀਆ ਨੂੰ ਇਕਪਾਸੜ ਰਿਪੋਰਟਾਂ ਪ੍ਰਕਾਸ਼ਿਤ ਕਰਨ ਤੋਂ ਗੁਰੇਜ਼ ਕਰਨ ਦੀ ਜ਼ੋਰਦਾਰ ਬੇਨਤੀ ਕੀਤੀ ਗਈ ਤਾਂ ਕਿ ਭਾਰਤ ਤੇ ਆਸਟ੍ਰੇਲੀਆ ਦੇ ਆਪਸੀ ਸੰਬੰਧ ਖਰਾਬ ਨਾ ਹੋਣ ਤੇ ਆਸਟ੍ਰੇਲੀਆ ਵਸਦੇ ਭਾਰਤੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ।

ਹਮਲਾ ਨਸਲੀ ਨਹੀਂ ਸਗੋਂ ਆਪਣਿਆਂ ਨੇ ਹੀ ਕੀਤਾ

ਪਸਵਕ ਕਮੇਟੀ ਨੂੰ ਟ੍ਰੇਨਿੰਗ ਦੇਣ ਸਬੰਧੀ ਪ੍ਰੋਗਰਾਮ

ਤਪਾ ਮੰਡੀ, 30 ਜਨਵਰੀ (ਯਾਦੂ ਭੁੱਲਰ)-ਸਰਕਾਰੀ ਪ੍ਰਾਇਮਰੀ ਸਕੂਲ ਤਪਾ ਮੰਡੀ ਵਿਖੇ ਪਸਵਕ ਨੂੰ ਟ੍ਰੇਨਿੰਗ ਦੇਣ ਦੇ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਹ ਟ੍ਰੇਨਿੰਗ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਸ੍ਰੀ ਕ੍ਰਿਸ਼ਨ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਰਨਾਲਾ ਜ਼ਿਲ੍ਹੇ ਦੇ ਸਿੱਖਿਆ ਅਫਸਰ ਸ. ਗੁਰਦੇਵ ਸਿੰਘ ਗਿੱਲ ਅਤੇ ਜ਼ਿਲ੍ਹਾ ਕੋਆਰਡੀਨੇਟਰ 'ਪੜ੍ਹੋ ਅਤੇ ਪੰਜਾਬ' ਸ੍ਰੀ ਬੀਰਬਲ ਦੀ ਯੋਗ ਅਗਵਾਈ ਹੇਠ ਦਿੱਤੀ ਗਈ। ਇਸ ਮੌਕੇ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀਆਂ ਗਈਆਂ ਗਰਾਟਾਂ 'ਪੜ੍ਹੋ ਪੰਜਾਬ' ਅਧੀਨ ਬੱਚਿਆਂ ਦੇ ਸਿਖਣ ਪੱਧਰ ਵਿੱਚ ਹੋਏ ਸੁਧਾਰ ਸਬੰਧੀ ਮੁੱਦੇ ਵਿਚਾਰੇ ਗਏ। ਇਸ ਟ੍ਰੇਨਿੰਗ ਮੀਟਿੰਗ ਵਿੱਚ ਪਸਵਕ ਕਮੇਟੀ ਦੇ ਮੈਂਬਰਾਂ ਨੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਵੱਧ ਤੋਂ ਵੱਧ ਯਤਨ ਕਰਨ ਦਾ ਯਕੀਨ ਦਿਵਾਇਆ। ਇਸ ਟ੍ਰੇਨਿੰਗ ਵਿੱਚ ਐੱਮ.ਟੀ.ਇੰਚਾਰਜ ਅੰਜੂ ਰਾਣੀ ਤੇ ਬੀ.ਐੱਮ.ਟੀ. ਸੁਮਿਤ ਕੁਮਾਰ ਨੇ ਰਿਸੋਰਸ ਪਰਸਨ ਵੱਜੋਂ ਸਿੱਖਿਆ ਦਿੱਤੀ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਵਰਿੰਦਰ ਸਿੰਘ ਗਰਕ ਨੇ ਸਕੂਲ ਦੀ ਮੁੱਖ ਅਧਿਆਪਕਾ ਮੈਡਮ ਨੀਰਜਾ, ਜਸਵੰਤ ਰਾਏ ਸੈਂਟਰ ਇੰਚਾਰਜ, ਸੋਮਰਾਜ, ਦਰਸ਼ਨ ਸਿੰਘ ਭੰਗੂ, ਗਰਮੇਲ ਸਿੰਘ ਪੰਧੇਰ ਸਾਬਕਾ ਫੌਜੀ ਵਿਜੈ ਕੁਮਾਰ, ਮੇਜਰ ਸਿੰਘ ਮੌਲੀ, ਦੇਵਰਾਜ, ਪੰਧੇਰ ਸਾਬਕਾ ਫੌਜੀ, ਵਿਜੈ ਕੁਮਾਰ, ਮੇਜਰ ਸਿੰਘ ਮੱਲ੍ਹੀ, ਦੇਵਰਾਜ, ਮਾਸਟਰ ਹਮੀਰ ਸਿੰਘ, ਪ੍ਰੇਮ ਕੁਮਾਰ ਗਰਗ, ਪ੍ਰੇਮ ਨਾਥ ਰਿਟਾਇਰਡ ਬੀ.ਪੀ.ਈ.ਓ. ਕਾਮਰੇਡ ਪ੍ਰੇਮਨਾਥ ਸ਼ਾਂਤ ਆਦਿ ਹਾਜਰ ਸਨ।

ਡਾ. ਤੇਜਿੰਦਰ ਸਿੱਧੂ ਵਲੋਂ ਵੈੱਬਸਾਈਟ ਦਾ ਉਦਘਾਟਨ

ਮੋਹਾਲੀ, 30 ਜਨਵਰੀ (ਵੀਨਾ ਰਾਜਪੂਤ)-ਮਨੁੱਖਤਾ ਦੀ ਆਤਮਿਕ ਤਰੱਕੀ ਲਈ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਸਪਸ਼ਟ, ਪ੍ਰੈਕਟੀਕਲ ਚਲਿਆ ਜਾਣ ਵਾਲਾ ਰਾਹ ਦੱਸਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ: ਤੇਜਿੰਦਰ ਸਿੰਘ ਸਿੱਧੂ ਨੇ ਮੁਹਾਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਇਸ ਮੌਕੇ ਡਾ: ਤੇਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਸਭ ਤੋਂ ਪ੍ਰਮੁੱਖ ਮੁੱਦਾ ਜਪੁਜੀ ਸਾਹਿਬ ਵਿਚ ਉਠਾਇਆ ਉਹ ਹੈ, ਕਿਵ ਸਚਿਆਰਾ ਹੋਈਏ, ਬ੍ਰਹਮ ਗਿਆਨ ਨੂੰ ਕਿਵੇਂ ਪ੍ਰਾਪਤ ਹੋਈਏ। ਗੁਰੂ ਸਾਹਿਬਾਨ ਅਨੁਸਾਰ ਮੂਲ ਰੋਗ ਹਾਉਮੈ ਦਾ ਹੈ। ਹਉਮੈ ਦਾ ਮਤਲਬ ਸਾਡੀ ਪ੍ਰਮਾਤਮਾ ਨਾਲੋਂ ਅਲੱਗ ਹੋਂਦ ਹੈ। ਜਿਸ ਕਾਰਨ ਮਨੁੱਖ ਹਰ ਵੇਲੇ ਚਿੰਤਾ ਫਿਕਰ ਅਤੇ ਦੁੱਖਾਂ ਵਿਚ ਫਸਿਆ ਰਹਿੰਦਾ ਹੈ। ਇਸਦਾ ਇਲਾਜ ਹਉਮੈ ਤੋਂ ਉਚੇ ਉਠਕੇ ਫਿਰ ਦੁਬਾਰਾ ਪ੍ਰਮਾਤਮਾ ਨਾਲ ਮਿਲਾਪ ਕਰਨਾ ਹੈ। ਜਦੋਂ ਤੱਕ ਮਨੁੱਖ ਪ੍ਰਮਾਤਮਾਂ ਤੱਕ ਪਹੁੰਚ ਨਹੀਂ ਕਰ ਲੈਂਦਾ ਦੁਨੀਆਂ ਦੀ ਹੋਰ ਕੋਈ ਵੀ ਸਹੂਲਤ ਉਸਦੀ ਮੁਸ਼ਕਿਲ ਦਾ ਹੱਲ ਨਹੀਂ ਕਰ ਸਕਦੀ। ਇਸ ਮੰਤਵ ਦੀ ਪੂਰਤੀ ਲਈ ਮਨ ਤਾ ਚੁੱਪ ਕਰ ਜਾਣਾ ਬਹੁਤ ਜ਼ਰੂਰੀ ਹੈ। ਮਨ ਨੂੰ ਚੁੱਪ ਕਰਾਉਣ ਲਈ ਸਾਨੂੰ ਇਹ ਸਮਝਣਾ ਪਵੇਗਾ ਕਿ ਪ੍ਰਮਾਤਮਾਂ ਨੂੰ ਅੱਖਰਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਕਿਉਂਕਿ ਪ੍ਰਮਾਤਮਾਂ ਨਿਰੰਕਾਰ ਹੈ। ਮਨ ਨੂੰ ਸ਼ਾਂਤ ਤੇ ਚੁੱਪ ਕਰਾਉਣ ਦਾ ਸਭ ਤੋਂ ਵਧੀਆ ਤਰੀਕਾ ਸੁਣਨਾ ਹੈ। ਇਸ ਦਾ ਗੁਰੂ ਸਾਹਿਬ ਨੇ 8ਵੀਂ ਤੋਂ 11 ਪੋਹੜੀ ਤੱਕ ਜ਼ਿਕਰ ਕੀਤਾ ਹੈ। ਜਦ ਤੱਕ ਮਨ ਸੋਚਾਂ ਵਿਚ ਹੈ ਉਸਦਾ ਸਾਰਾ ਧਿਆਨ ਇਨ੍ਹਾਂ ਸੋਚਾਂ ਵਿਚ ਹੀ ਲੱਗਾ ਹੈ ਅਤੇ ਉਹ ਸ਼ਬਦ ਗੁਰੂ ਨੂੰ ਪੂਰਨ ਇਕਾਗਰਤਾ ਨਾਲ ਸੁਣ ਹੀ ਨਹੀਂ ਸਕਦਾ। ਇਸ ਮੰਤਵ ਦੀ ਪੂਰਤੀ ਡਾ: ਤੇਜਿੰਦਰ ਸਿੰਘ ਸਿੱਧੂ ਮੁਹਾਲੀ ਨੇ ਲਗਭਗ ਦਸ ਸਾਲਾਂ ਦੀ ਸਖਤ ਮਿਹਨਤ ਤੋਂ ਬਾਅਦ ਇਕ ਵੈਬਸਾਈਟ **www.blisswith-japji.com** ਜਿਸ ਰਾਹੀਂ ਦੁਨੀਆਂ ਕਿਸੇ ਵੀ ਕੋਨੇ ਵਿਚ ਬੈਠਾ ਵਿਅਕਤੀ ਆਤਮਿਕ ਗਿਆਨ ਪ੍ਰਾਪਤ ਕਰ ਸਕਦਾ ਹੈ ਅਤੇ ਆਪਣੀਆਂ ਮੁਸ਼ਕਿਲਾਂ ਲਈ ਵਿਚਾਰ ਵਟਾਂਦਰਾ ਵੀ ਕਰ ਸਕਦਾਹੈ।

ਅੱਜ ਸਰੀਰ ਦਾਨ ਮੌਕੇ 'ਤੇ ਵਿਸ਼ੇਸ਼

ਆਹ-ਪ੍ਰੋ. ਅਜਮੇਰ ਸਿੰਘ ਅਰਜਨ ਐਵਾਰਡੀ

ਇਸ ਦੁਨੀਆਂ 'ਚ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਜਿਉਂਦੇ ਹੋਏ ਲੋਕ ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਸਦਕਾ ਉਨ੍ਹਾਂ ਦੀ ਦੇਵਤਿਆਂ ਵਾਂਗ ਪੂਜਾ ਕਰਦੇ ਹਨ ਤੇ ਮਰਨ ਉਪਰੰਤ ਵੀ ਅਜਿਹੇ ਵਿਅਕਤੀ ਦੇ ਮਾਣ-ਸਤਿਕਾਰ 'ਚ ਕਮੀ ਨਹੀਂ ਆਉਣ ਦਿੰਦੇ। ਅਜਿਹੀਆਂ੦ ਸ਼ਖ਼ਸੀਅਤਾਂ ਵਿੱਚ ਇੱਕ ਖੇਡ ਸ਼ਖ਼ਸੀਅਤ ਹੈ ਪ੍ਰੋ. ਅਜਮੇਰ ਸਿੰਘ ਅਰਜਨ ਅਵਾਰਡੀ, ਜਿਸ ਨੂੰ ਉਨ੍ਹਾਂ ਦੇ ਵਿਦਿਆਰਥੀ, ਸ਼ੁਭਚਿੰਤਕ ਅਜਮੇਰ ਭਾਜੀ ਨਾਲ ਯਾਦ ਕਰਦੇ ਹਨ। ਇਸੇ ਵਰ੍ਹੇ ਦੀ 26 ਜਨਵਰੀ ਨੂੰ ਜਦੋਂ ਸਾਰਾ ਦੇਸ਼ ਗਣਤੰਤਰ ਦਿਵਸ ਮਨਾ ਰਿਹਾ ਸੀ ਤਾਂ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਪਰ ਅਲਵਿਦਾ ਕਹਿਣ ਤੋਂ ਪਹਿਲਾਂ ਆਪਣੀਆਂ ਅਨਮੋਲ ਅੱਖਾਂ ਤੇ ਸਮੁੱਚਾ ਸਰੀਰ ਪੀ.ਜੀ.ਆਈ. ਦੇ ਖੋਜ ਵਿੰਗ ਨੂੰ ਦਾਨ ਕਰ ਗਏ ਤਾਂ ਕਿ ਮੈਡੀਕਲ ਕਿੱਤੇ ਨਾਲ ਸਬੰਧਿਤ ਲੋਕ ਆਪਣਾ ਖੋਜ ਕਾਰਜ ਅੱਗੇ ਤੋਰਨ ਤੇ ਮਨੁੱਖਤਾ ਦੀ ਸੇਵਾ ਹੋਰ ਵਧੇਰੇ ਕਾਰਗਰ ਤਰੀਕੇ ਨਾਲ ਕਰ ਸਕਣ। ਪ੍ਰੋ. ਅਜਮੇਰ ਸਿੰਘ ਦਾ ਜਨਮ 12 ਫ਼ਰਵਰੀ 1940 ਨੂੰ ਸੰਗਰੂਰ ਜ਼ਿਲ੍ਹੇ ਦੀ ਤਹਿਸੀਲ ਮਲੇਰਕੋਟਲਾ ਦੇ ਪਿੰਡ ਕੁੱਪਕਲਾਂ 'ਚ ਸਰਦਾਰ ਕਰਤਾਰ ਸਿੰਘ ਦੇ ਘਰ ਮਾਤਾ ਬਚਨ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਤੇ ਬੀ.ਈ. ਦੀ ਪੜ੍ਹਾਈ, ਸਰਕਾਰੀ ਕਾਲਜ ਮਲੇਰਕੋਟਲੋ ਤੋਂ ਪੂਰੀ ਕਰਨ ਉਪਰੰਤ ਬੀ.ਪੀ.ਈ. ਗਵਾਲੀਅਰ ਦੇ ਫਿਜ਼ੀਕਲ ਕਾਲਜ ਚੋਂ ਕੀਤੀ। ਇੱਥੇ ਹੀ ਡਾ. ਕਰਨ ਸਿੰਘ ਦੀ ਪ੍ਰੇਰਨਾ ਸਦਕਾ ਦੌੜਾਂ 'ਚ ਹਿੱਸਾ ਲੈਣਾ ਸ਼ੁਰੂ ਕੀਤਾ। ਬੱਸ ਇੱਥੋਂ ਹੀ ਇਨ੍ਹਾਂ ਦਾ ਖੇਡਮਣੀ ਜੀਵਨ ਸ਼ੁਰੂ ਹੋਇਆ ਤੇ 1965 'ਚ ਅਜਮੇਰ, ਨੈਸ਼ਨਲ ਚੈਂਪੀਅਨ ਬਣ ਗਿਆ ਤੇ 1966 ਦੀਆਂ ਏਸ਼ੀਅਨ ਗੇਮਜ਼ ਬੈਂਕਾਕ 'ਚ ਇੱਕ ਸੋਨੇ ਦਾ ਤੇ ਦੋ ਚਾਂਦੀ ਦੇ ਤਮਗੇ ਭਾਰਤ ਦੀ ਝੋਲੀ 'ਚ ਪਾਏ। 1968 'ਚ ਭਾਰਤੀ ਟੀਮ ਦੀ ਕਪਤਾਨੀ ਕੀਤੀ।

ਡਾ. ਜਾਕਿਰ ਹੁਸੈਨ ਤੋਂ ਅਜਮੇਰ ਸਿੰਘ ਅਰਜਨ ਐਵਾਰਡ ਪ੍ਰਾਪਤ ਕਰਦੇ ਹੋਏ।

1970 ਦੀਆਂ ਏਸ਼ੀਅਨ ਗੇਮਜ਼ ਤੋਂ ਬਾਅਦ ਆਪ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਲੈਕਚਰਾਰ ਦੀਆਂ ਸੇਵਾਵਾਂ ਲਈ ਚੁਣਿਆ ਗਿਆ ਤੇ ਫ਼ੇਰ ਪੀ.ਐੱਚ.ਡੀ. ਕਰਨ ਉਪਰੰਤ ਆਪ ਪੰਜਾਬ ਯੂਨੀਵਰਸਿਟੀ ਦੇ ਖੇਡ ਵਿਭਾਗ ਦੇ ਨਿਰਦੇਸ਼ਕ ਨਿਯੁਕਤ ਹੋਏ। ਇਸ ਤੋਂ ਬਾਅਦ ਆਪ ਲਕਸ਼ਮੀ ਬਾਈ ਕਾਲਜ ਆਫ਼ ਫਿਜੀਕਲ ਐਜੂਕੇਸ਼ਨ ਗਵਾਲੀਅਰ ਦੇ ਡੀਨ ਬਣੇ ਤੇ ਫੇਰ ਉਪ ਕੁਲਪਤੀ ਬਣੇ। ਪ੍ਰੋ. ਅਜਮੇਰ ਸਿੰਘ ਨੇ ਆਪਣੇ ਸ਼ਾਨਦਾਰ 30 ਸਾਲਾਂ ਦੇ ਟੀਚਿੰਗ ਤਜ਼ਰਬੇ ਵਿੱਚ 15 ਪੀ.ਐਚ.ਡੀ. ਤੇ 50 ਐਮ ਫਿਲਾਂ ਕਰਵਾਈਆਂ ਤੇ ਕੋਈ 30 ਕਿਤਾਬਾਂ ਲਿਖਣ ਉਪਰੰਤ ਅਨੇਕਾਂ ਹੀ ਐਵਾਰਡ ਪ੍ਰਾਪਤ ਕੀਤੇ, ਜਿਨ੍ਹਾਂ ਵਿੱਚ 1999 ਦਾ ਖ਼ਾਲਸਾ ਤ੍ਰੈ-ਸ਼ਤਾਬਦੀ ਐਵਾਰਡ ਵੀ ਸ਼ਾਮਲ ਹੈ। ਪ੍ਰੋ. ਅਜਮੇਰ ਸਿੰਘ ਦੀ ਬੇਵਕਤ ਮੌਤ 'ਤੇ ਦੇਸ਼-ਵਿਦੇਸ਼ ਬੈਠੇ ਉਨ੍ਹਾਂ ਦੇ ਹਜ਼ਾਰਾਂ ਹੀ ਪ੍ਰਸ਼ੰਸਕਾਂ ਨੇ ਦੁੱਖ ਦਾ ਇਜ਼ਹਾਰ ਕੀਤਾ ਹੈ. ਪ੍ਰੋ. ਸਾਹਿਬ ਦੇ ਅੰਤਿਮ ਦਰਸ਼ਨਾਂ ਲਈ ਅੱਜ 31 ਜਨਵਰੀ ਨੂੰ ਉਨ੍ਹਾਂ ਦੀ ਦੇਹ 49 ਬੀ ਦੇ ਕਮਿਊਨਿਟੀ ਸੈਂਟਰ ਦੇ ਪੁਸਪਕ ਕੰਪਲੈਕਸ 'ਚ ਸਵੇਰੇ 11 ਵਜੇ ਤੋਂ 12-30 ਤੱਕ ਰੱਖਣ ਉਪਰੰਤ ਪੀ.ਜੀ.ਆਈ. ਨੂੰ ਭੇਂਟ ਕਰ ਦਿੱਤੀ ਜਾਵੇਗੀ। ਉਨ੍ਹਾਂ ਦੇ ਪੈਰ ਚਿੰਨਾਂ 'ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

-ਮਨਜੀਤ ਸਿੰਘ ਢੱਲ, ਕਮਲੇਸ਼ ਦੁੱਗਲ
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ।

ਪੁਲਿਸ ਉੱਤੇ ਫਾਇਰਿੰਗ ਕਰਕੇ ਸਾਥੀ ਨੂੰ ਛੁਡਵਾਉਣ ਵਾਲਾ ਗ੍ਰਿਫ਼ਤਾਰ, ਇੱਕ ਪਿਸਤੌਲ, ਛੇ ਕਾਰਤੂਸ ਬਰਾਮਦ

ਗਿੱਦੜਬਾਹਾ, 30 ਜਨਵਰੀ (ਰਾਜੀਵ)-ਬੀਤੇ ਦਿਨੀਂ ਗਿੱਦੜਬਾਹਾ ਦੇ ਰੇਲਵੇ ਸਟੇਸ਼ਨ ਤੋਂ ਗੱਡੀ ਵਿੱਚ ਫਾਇਰਿੰਗ ਕਰਕੇ ਆਪਣੇ ਸਾਥੀ ਨੂੰ ਪੁਲਿਸ ਹੱਥੋਂ ਛੁਡਵਾ ਕੇ ਲੈ ਜਾਣ ਵਾਲੇ ਮੁਜਰਿਮਾਂ ਵਿੱਚੋਂ ਅੱਜ ਇੱਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਸਬੰਧੀ ਪ੍ਰੈੱਸ ਕਾਨਫਰੰਸ ਵਿੱਚ ਜਾਣਕਾਰੀ ਦਿੰਦਿਆਂ ਇੱਥੋਂ ਦੇ ਡੀ.ਐੱਸ.ਪੀ. ਅਤੇ ਥਾਣਾ ਮੁੱਖੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੀਤੇ ਦਿਨੀਂ ਇਨ੍ਹਾਂ ਦੋਸ਼ੀਆਂ ਨੇ ਕਰਨਾਲ ਤੋਂ ਗਿੱਦੜਬਾਹਾ ਲਈ ਪੇਸ਼ੀ ਲਈ ਲਿਆਂਦੇ ਜਾ ਰਹੇ ਆਪਣੇ ਸਾਥੀ ਗੁਰਪ੍ਰੀਤ ਸਿੰਘ ਨੂੰ ਦੋ ਪੁਲਿਸ ਕਰਮਚਾਰੀਆਂ ਨੂੰ ਗੋਲੀ ਮਾਰ ਕੇ ਜਖਮੀਂ ਕਰਨ ਤੋਂ ਬਾਅਦ ਛੁਡਵਾ ਲਿਆ ਸੀ। ਉਨ੍ਹਾਂ ਵਿੱਚੋਂ ਅੱਜ ਕੋਟ ਭਾਈ ਪੁਲਿਸ ਵੱਲੋਂ ਸੁਖਪਾਲ ਸਿੰਘ ਗੋਰਾ ਪੁੱਤਰ ਜੋਗਿੰਦਰ ਸਿੰਘ ਪਿੰਡ ਬੁੱਟਰ ਬਖੂਆ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਇੱਕ ਪਿਸਤੌਲ ਅਤੇ ਛੇ ਕਾਰਤੂਸ ਬਰਾਮਦ ਕਰ ਲਏ ਹਨ। ਇੱਥੇ ਵਰਨਣਯੋਗ ਹੈ ਕਿ ਸੁਖਪਾਲ ਸਿੰਘ ਗੋਰਾ ਅਤੇ ਗੁਰਪ੍ਰੀਤ ਸਿੰਘ ਉੱਪਰ ਸੰਨ 2006 ਵਿੱਚ ਟਰੈਕਟਰ ਖੋਹਣ ਦਾ ਪਰਚਾ ਥਾਣਾ ਕੋਟ ਭਾਈ ਵਿੱਚ ਦਰਜ ਹੋਇਆ ਸੀ। ਇਨ੍ਹਾਂ ਵਿੱਚੋਂ ਸੁਖਪਾਲ ਸਿੰਘ ਜਮਾਨਤ ਉੱਤੇ ਸੀ ਅਤੇ ਗੁਰਪ੍ਰੀਤ ਸਿੰਘ ਕਰਨਾਲ ਜੇਲ੍ਹ ਵਿੱਚ ਕਿਸੇ ਹੋਰ ਕੇਸ ਵਿੱਚ ਬੰਦ ਹੋਣ ਕਾਰਨ ਬੀਤੇ ਦਿਨੀਂ ਉਸ ਨੂੰ ਰੇਲ ਗੱਡੀ ਰਾਹੀਂ ਗਿੱਦੜਬਾਹਾ ਲਿਆਂਦਾ ਜਾ ਰਿਹਾ ਸੀ। ਆਪਣੇ ਸਾਥੀ ਨੂੰ ਛੁਡਵਾਉਣ ਲਈ ਹੀ ਸੁਖਪਾਲ ਸਿੰਘ ਨੇ ਹਰਿਆਣਾ ਦੇ ਪਾਰਸ, ਚੋਟੀ ਅਤੇ ਫੌਜੀ ਨਾਮ ਦੇ ਬੰਦਿਆਂ ਨਾਲ ਮਿਲ ਕੇ ਸਕੀਮ ਬਣਾਈ ਸੀ, ਜਿਨ੍ਹਾਂ ਨੇ ਕਰਨਾਲ ਤੋਂ ਉਸ ਦਾ ਪਿੱਛਾ ਕੀਤਾ ਸੀ ਅਤੇ ਜਦੋਂ ਗੱਡੀ ਰੇਲਵੇ ਸਟੇਸ਼ਨ 'ਤੇ ਪਹੁੰਚਣ ਵਾਲੀ ਸੀ ਤਾਂ ਉਨ੍ਹਾਂ ਗੋਲੀ ਚਲਾ ਕੇ ਦੋ ਪੁਲਿਸ ਮੁਲਾਜ਼ਮਾਂ ਨੂੰ ਜਖਮੀਂ ਕਰਕੇ ਆਪਣੇ ਸਾਥੀ ਨੂੰ ਛੁਡਵਾ ਲਿਆ ਸੀ।

ਬਨੂੜ ਹਲਕੇ ਦੇ ਵਿਧਾਇਕ ਸ੍ਰੀ ਜਸਜੀਤ ਸਿੰਘ ਬੰਨੀ ਪਿੰਡ ਸਲਾਣਾ ਵਿਖੇ ਬਾਬਾ ਮਾੜੂ ਦਾਸ ਮੈਮੋਰੀਅਲ ਯੂਥ ਸਪੋਰਟਸ ਅਤੇ ਕਲਚਰਲ ਕਲੱਬ ਰਜਿ: ਵੱਲੋਂ ਕਰਵਾਏ ਜਾ ਰਹੇ 7ਵੇਂ ਹਰਪ੍ਰੀਤ ਯਾਦਗਾਰੀ ਸਲਾਨਾ ਕਬੱਡੀ ਕੱਪ ਦੇ ਸਟਿੱਕਰ ਜਾਰੀ ਕਰਦੇ ਹੋਏ। ਤਸਵੀਰ: ਵਿਪਨ ਬਾਂਸਲ।

ਖੇਡਾਂ ਸਬੰਧੀ ਸਟਿੱਕਰ ਬੰਨੀ ਵਲੋਂ ਜਾਰੀ

ਮੰਡੀ ਗੋਬਿੰਦਗੜ੍ਹ, 30 ਜਨਵਰੀ (ਵਿਪਨ ਬਾਂਸਲ)-ਬਾਬਾ ਮਾੜੂ ਦਾਸ ਮੈਮੋਰੀਅਲ ਯੂਥ ਸਪੋਰਟਸ ਅਤੇ ਕਲਚਰਲ ਕਲੱਬ ਰਜਿ., ਗਾਮ ਪੰਚਾਇਤਾਂ ਅਤੇ ਐਨ.ਆਰ.ਆਈ. ਵੀਰਾਂ ਵਲੋਂ ਪੰਜਾਬ ਦੇ ਸਵਰਗੀ ਸਹਿਕਾਰਤਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਯਾਦ ਵਿਚ 12 ਫਰਵਰੀ ਤੋਂ 14 ਫਰਵਰੀ ਤੱਕ ਕਰਵਾਏ ਜਾ ਰਹੇ 7ਵਾਂ ਹਰਪ੍ਰੀਤ ਯਾਦਗਾਰੀ ਸਲਾਣਾ ਕਬੱਡੀ ਕੱਪ ਦੀਆਂ ਤਿਆਰੀਆਂ ਨੂੰ ਮੁੱਖ ਰਖਕੇ ਬਨੂੜ ਹਲਕੇ ਦੇ ਵਿਧਾਇਕ ਸ੍ਰੀ ਜਸਜੀਤ ਸਿੰਘ ਬੰਨੀ ਨੇ ਅੱਜ ਪਿੰਡ ਸਲਾਣਾ ਦਾ ਦੌਰਾ ਕੀਤਾ ਅਤੇ ਖੇਡਾ ਦੀਆਂ ਤਿਆਰੀਆਂ ਨੂੰ ਅੰਤਮ ਛੋਹਾਂ ਦਿਤੀਆਂ ਗਈਆਂ। ਇਸ ਮੌਕੇ ਕਲੱਬ ਵਲੋਂ ਖੇਡਾਂ ਸਬੰਧੀ ਬਣਾਇਆ ਇਕ ਸਟਿੱਕਰ ਵੀ ਸ੍ਰੀ ਬੰਨੀ ਨੇ ਜਾਰੀ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਕਲੱਬ ਦੇ ਚੈਅਰਮੈਨ ਅਤੇ ਸਾਬਕਾ ਸਰਪੰਚ ਸੁਰਿੰਦਰ ਸਿੰਘ, ਪ੍ਰਧਾਨ ਸਕਿੰਦਰ ਸਿੰਘ ਛਿੰਦਾ, ਖਜਾਨਚੀ ਪਰਮਿੰਦਰ ਸਿੰਘ ਭਿੰਦੀ, ਕਰਮਜੀਤ ਸਿੰਘ ਬਬਲੀ, ਸੀਨੀਅਰ ਅਕਾਲੀ ਆਗੂ ਜੋਗਿੰਦਰ ਸਿੰਘ ਸਲਾਣਾ, ਕੇਸਰ ਸਿੰਘ ਸਲਾਣਾ, ਗੁਰਮੀਤ ਸਿੰਘ ਡੋਗਰ, ਸੁਖਵਿੰਦਰ ਸਿੰਘ ਸੁੱਖੂ, ਦਵਿੰਦਰ ਸਿੰਘ ਪਨਾਗ, ਪਰਮਿੰਦਰ ਸਿੰਘ ਬੰਟੀ, ਜਗਵਿੰਦਰ ਸਿੰਘ ਜੱਗੀ, ਪ੍ਰੈਸ ਸਕੱਤਰ ਭੂਰਾ ਸਲਾਣੇ ਵਾਲਾ, ਬਲਦੇਵ ਸਿੰਘ ਸਰਪੰਚ, ਪ੍ਰੇਮ ਪਨਾਗ, ਕੇਸਰ ਸਿੰਘ ਸਰਪੰਚ , ਸੁਖਵੰਤ ਸਿੰਘ ਭਲਵਾਨ, ਸਾਬਕਾ ਸਰਪੰਚ ਅਵਤਾਰ ਸਿੰਘ ਆਦਿ ਨੇ ਵਿਚਾਰ ਪੇਸ਼ ਕੀਤੇ। ਇਸ ਟੂਰਨਾਮੈਂਟ ਵਿਚ ਕਬੱਡੀ 35, 40, 45, 50, 60, 70 ਕਿਲੋ ਅਤੇ ਇਕ ਪਿੰਡ ਓਪਨ ਦੇ ਮੁਕਾਬਲੇ ਕਰਵਾਏ ਜਾਣਗੇ। ਇਕ ਪਿੰਡ ਓਪਨ ਦੀ ਜੇਤੂ ਟੀਮ ਨੂੰ ਸ੍ਰੀ ਪਿਆਰਾ ਸਿੰਘ ਅਤੇ ਜਗਤਾਰ ਸਿੰਘ ਕੈਨੇਡਾ ਵੱਲੋਂ 41 ਹਜ਼ਾਰ ਅਤੇ ਦੂਸਰਾ ਸਥਾਨ ਲੈਣ ਵਾਲੀ ਨੂੰ 31 ਹਜ਼ਾਰ ਰੁਪਏ ਦੀ ਨਕਦ ਰਾਸੀ ਅਤੇ ਕਲੱਬ ਵੱਲੋਂ ਯਾਦਗਾਰੀ ਕੱਪ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸੇ ਤਰ੍ਹਾਂ 70 ਕਿਲੋ ਦੀ ਜੇਤੂ ਟੀਮ ਨੂੰ 20 ਹਜ਼ਾਰ ਅਤੇ ਉਪ ਜੇਤੂ ਟੀਮ ਨੂੰ 15 ਹਜ਼ਾਰ ਰੁਪਏ ਦੀ ਰਾਸ਼ੀ ਜਤਿੰਦਰਦੀਪ ਸਿੰਘ ਦੀਪੀ ਹਾਂਗਕਾਂਗ ਵੱਲੋਂ ਦਿੱਤਾ ਜਾਵੇਗਾ। ਬਾਕੀ ਜੇਤੂ ਟੀਮਾਂ ਨੂੰ ਵੀ ਸ਼ਾਨਦਾਰ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ।

ਬਾਦਲ ਸਰਕਾਰ ਸਰਦੀਆਂ ਵਿੱਚ ਵੀ ਬਿਜਲੀ ਦੇਣ ਤੋਂ ਅਸਮਰਥ : ਪ੍ਰਿਥੀਪੁਰ

ਕੁਹਾੜਾ 30 ਜਨਵਰੀ (ਗੁਰਨਾਮ) ਪੰਜਾਬ ਤੇ ਰਾਜ ਕਰ ਰਹੀ ਸ੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਹਰ ਫਰੰਟ ਤੇ ਫੇਲ੍ਹ ਹੋ ਚੁੱਕੀ ਹੈ। ਸੂਬੇ ਵਿੱਚ ਇਨਾ ਮਾੜਾ ਹਾਲ ਹੋ ਗਿਆ ਹੈ ਕਿ ਸਰਦੀਆਂ ਵਿੱਚ ਵੀ ਨਿਰਵਿਘਨ ਬਿਜਲੀ ਦੀ ਸਪਲਾਈ ਨਾਂ ਤਾਂ ਸਹਿਰਾਂ ਨੂੰ ਮਿਲ ਰਹੀ ਅਤੇ ਨਾਂ ਹੀ ਪਿੰਡਾਂ ਅਤੇ ਮੋਟਰਾਂ ਵਾਲੀ ਬਿਜਲੀ ਕਿਸੇ ਹਾਲ ਮਿਲ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਪ੍ਰਿਥੀਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਪ੍ਰਿਥੀਪੁਰ ਨੇ ਕਿਹਾ ਕਿ ਜੇ ਸਰਦੀਆਂ ਵਿੱਚ ਇਹੋ ਹਾਲ ਰਿਹਾ ਤਾਂ ਗਰਮੀਆਂ ਵਿੱਚ ਝੋਨੇ ਦੇ ਸੀਜਨ ਦੌਰਾਨ ਇਹ ਸਰਕਾਰ ਬਿਜਲੀ ਕਿੱਥੋ ਲੈ ਕੇ ਆਵੇਗੀ। ਉਹਨਾਂ ਕਿਹਾ ਕਿ ਬਾਦਲ ਨੂੰ ਆਪਣੇ ਪਰਿਵਾਰ ਦਾ ਹੀ ਫਿਕਰ ਖਾਈ ਜਾ ਰਿਹਾ ਹੈ। ਉਹਨਾਂ ਨੂੰ ਸੂਬੇ ਦੀ ਜਨਤਾ ਦਾ ਕੋਈ ਫਿਕਰ ਨਹੀ। ਪੰਜਾਬ ਦੀ ਜਨਤਾ ਵਿਧਾਨ ਸਭਾ ਚੌਣਾ ਦੀ ਉਡੀਕ ਬੜੀ ਬੇਸਬਰੀ ਨਾਲ ਕਰ ਰਹੀ ਹੈ ਤਾਂ ਕਿ ਇਸ ਸਰਕਾਰ ਨੂੰ ਚਲਦਾ ਕਰ ਸਕੀਏ। ਇਸ ਮੌਕੇ ਜਸਪਾਲ ਸਿੰਘ ਗਾਹੀ ਭੈਣੀ ਪ੍ਰਧਾਨ ਬਲਾਕ ਮਾਂਗਟ, ਜਸਵੰਤ ਸਿੰਘ ਗਰਚਾ ਮੀਤ ਪ੍ਰਧਾਨ, ਹਰਜੀਤ ਸਿੰਘ ਮਾਨਗੜ੍ਹ, ਪੰਡਿਤ ਰਮੇਸ਼ ਚੰਦਰ ਸ਼ੁਕਲਾ, ਇਕਬਾਲ ਸਿੰਘ ਜੰਡਿਆਲੀ ਬਲਾਕ ਸੰਮਤੀ ਮੈਬਰ, ਸ਼ਮਸੇਰ ਸਿੰਘ ਸੇਰੀ ਸਾਹਨੇਵਾਲ ਤੇ ਕਰਮਜੀਤ ਸਿੰਘ ਬੱਬਲ ਹਾਜਰ ਸਨ।

ਭਾਖੜਾ ਡੈਮ ਵਿੱਚ ਕਰਮਚਾਰੀਆਂ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣ-ਬੀ. ਐਮ. ਐਸ

ਨੰਗਲ 30 ਜਨਵਰੀ (ਗੁਰਵਿੰਦਰ ਸਿੰਘ ਜੰਡੀਰ) ਭਾਰਤੀਯ ਮਜ਼ਦੂਰ ਸੰਘ ਪੰਜਾਬ ਦੇ ਸਕੱਤਰ ਅਵਤਾਰ ਸਿੰਘ ਜੰਡੀਰ ਅਤੇ ਜ਼ਿਲ੍ਹਾ ਰੂਪਨਗਰ ਬੀ.ਐਮ.ਐਸ ਦੇ ਜਰਨਲ ਸਕੱਤਰ ਸੰਜੀਵ ਸ਼ਰਮਾ ਨੇ ਇਕ ਪੱਤਰਕਾਰ ਵਾਰਤਾ ਦੌਰਾਨ ਭਾਖੜਾ ਡੈਮ ਦੇ ਮੁੱਖ ਇੰਜੀਨਿਅਰ ਤੋਂ ਮੰਗ ਕੀਤੀ ਹੈ ਕਿ ਭਾਖੜਾ ਡੈਮ ਵਿੱਚ ਲੰਮੇ ਸਮੇ ਤੋ ਖਾਲੀ ਪਈਆਂ ਅਸਾਮੀਆਂ ਭਰੀਆਂ ਜਾਣ। ਮੁਲਾਜਮ ਆਗੂਆਂ ਨੇ ਗੱਲਬਾਤ ਦੌਰਾਨ ਦੱਸਿਆ ਕੇ ਮੁਲਾਜਮਾਂ ਦੇ ਸੇਵਾ ਮੁਕਤ ਹੋ ਜਾਣ ਕਾਰਨ ਸੈਕੜੇ ਅਸਾਮੀਆਂ ਖਾਲੀ ਹੋ ਜਾਣ ਕਰਕੇ ਭਾਖੜਾ ਡੈਮ ਦੇ ਸਮੂਹ ਡਵੀਜਨਾਂ ਦਾ ਕੰਮ ਬੁਰੀ ਤੁਰਾਂ ਪ੍ਰਭਾਵਿਤ ਹੋ ਰਿਹਾ ਹੈ। ਖਾਲੀ ਅਸਾਮੀਆਂ ਨਾ ਭਰੀਆਂ ਜਾਣ ਕਰਕੇ ਮੌਜੂਦਾ ਕਰਮਚਾਰੀਆਂ ਤੇ ਕੰਮ ਦਾ ਬੋਝ ਵੱਧਣ ਕਾਰਨ ਕਰਮਚਾਰੀ ਪ੍ਰੇਸ਼ਾਨ ਹੋ ਰਹੇ ਹਨ। ਇਸ ਸਮੇ ਭਾਖੜਾ ਡੈਮ ਦੇ ਵੱਖ ਵੱਖ ਡਵੀਜਨਾਂ ਵਿੱਚ ਲਾਈਨਮੈਨ, ਸਹਾਇਕ ਲਾਈਨਮੈਨ, ਇਲੈਕਟ੍ਰੀਸ਼ਨ, ਵਾਇਰਮੈਨ, ਵੈਲਡਰ, ਪਲੰਬਰ, ਕਾਰਪੈਂਟਰ, ਕਲਰੱਕ, ਮੈਸਨ, ਵਰਕਮਿਸਤਰੀ, ਸੁਪਰਵਾਇਜਰ ਆਦਿ ਪੋਸਟਾਂ ਖਾਲੀ ਹਨ ਜਿਨਾਂ ਨੂੰ ਕਿ ਮੌਜੂਦਾ ਸਮੇ ਦਰਜਾ ਚਾਰ ਕਰਮਚਾਰੀਆਂ ਨੂੰ ਪਦਉੱਨੱਤ ਕਰਕੇ ਇਹ ਪੋਸਟਾਂ ਭਰੀਆਂ ਜਾਣ। ਭਾਰਤੀਯ ਮਜਦੂਰ ਸੰਘ ਭਾਖੜਾ ਡੈਮ ਦੇ ਮੁੱਖ ਇੰਜੀਨਿਅਰ ਤੋ ਇਹ ਵੀ ਮੰਗ ਕਰਦਾ ਹੈ ਕਿ ਭਾਖੜਾ ਡੈਮ ਦੇ ਵੱਖ ਵੱਖ ਡਵੀਜਨਾਂ ਵਿੱਚ ਖਾਲੀ ਪਈਆਂ ਸੁਪਰਡੈਂਟ ਅਤੇ ਫੋਰਮੈਨਾਂ ਦੀਆਂ ਖਾਲੀ ਪੋਸਟਾਂ ਨੂੰ ਵੀ ਦਰਜਾ ਤਿੰਨ ਕਰਮਚਾਰੀਆਂ ਨੂੰ ਪਦਉੱਨੱਤ ਕਰਕੇ ਭਰਿਆ ਜਾਵੇ। ਇਸ ਦੇ ਨਾਲ ਹੀ ਮੁਲਾਜਮ ਆਗੂਆਂ ਨੇ ਚੇਅਰਮੈਨ ਬੀ.ਬੀ.ਐਮ.ਬੀ. ਅਤੇ ਮੁੱਖ ਇੰਜੀਨਿਅਰ ਭਾਖੜਾ ਡੈਮ ਤੋ ਪੂਰਜੋਰ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਬੀ.ਬੀ.ਐਮ.ਬੀ. ਵਿੱਚ ਪੰਜਾਬ ਦੇ ਕੋਟੇ ਦੀਆਂ ਖਾਲੀ ਪਈਆਂ ਦਰਜਾ ਤਿੰਨ ਅਤੇ ਦਰਜਾ ਚਾਰ ਕਰਮਚਾਰੀਆਂ ਦੀਆਂ ਪੋਸਟਾਂ ਵੀ ਭਰੀਆਂ ਜਾਣ। ਇਸ ਸਮੇ ਪੱਤਰਕਾਰ ਵਾਰਤਾ ਦੌਰਾਨ ਤਿਲਕ ਬਾਲੀ, ਅਮਿਤ ਸ਼ਰਮਾ, ਮਹਿੰਦਰ ਲਾਲ ਕਰਮਚਾਰੀ ਨੇਤਾ ਹਾਜ਼ਿਰ ਸਨ।

ਕ੍ਰੋਧ ਦਿੰਦਾ ਹੈ ਸਮੱਸਿਆਵਾਂ ਨੂੰ ਸੱਦਾ

ਗਿੱਦੜਬਾਹਾ, 30 ਜਨਵਰੀ (ਰਾਜੀਵ)-ਸਥਾਨਿਕ ਰਾਜ ਯੋਗ ਭਵਨ ਦੀ ਸੰਚਾਲਿਕ ਰਾਜ ਯੋਗਿਨੀ ਬ੍ਰਹਮਾਕੁਮਾਰੀ ਸ਼ੀਲਾ ਦੀਦੀ ਜੀ ਦੇ ਪ੍ਰਵਚਨਾਂ ਦੀ ਅੰਮ੍ਰਿਤ ਵਰਖਾ ਕਰਦੇ ਹੋਏ ਕਿਹਾ ਕਿ ਕ੍ਰੋਧ ਹਮੇਸ਼ਾ ਹੀ ਨੁਕਸਾਨਦੇਹ ਸਾਬਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕ੍ਰੋਧ ਕਰਨ ਨਾਲ ਕੋਈ ਵੀ ਸਮੱਸਿਆ ਹੱਲ ਨਹੀਂ ਹੁੰਦੀ। ਬਲਕਿ ਸਮੱਸਿਆ ਹੋਰ ਵਧ ਜਾਂਦੀ ਹੈ, ਕਿਉਂਕਿ ਕ੍ਰੋਧ ਕਿਸੇ ਵੀ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ।

ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ

ਰਾਜਪੁਰਾ, 30 ਜਨਵਰੀ (ਮਨੋਜ ਕੁਮਾਰ)-ਰਾਜਪੁਰਾ-ਸਰਹਿੰਦ ਜੀ.ਟੀ. ਰੋਡ ਪਿੰਡ ਅਲੂਨਾ ਦੇ ਨਜ਼ਦੀਕ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ। ਬਸੰਤਪੁਰਾ ਪੁਲਿਸ ਚੌਂਕੀ ਦੇ ਇੰਚਾਰਜ ਹਰਮਨਪ੍ਰੀਤ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਸਿਵਲ ਹਸਪਤਾਲ ਦੀ ਮੌਰਚਰੀ ਵਿੱਚ ਰੱਖਿਆ ਗਿਆ ਹੈ।

ਬੇਸਹਾਰਿਆਂ ਲਈ ਸਹਾਰਾ, ਵਿਸ਼ਵ ਅਪਾਹਿਜ ਕੇਂਦਰ ਪਡਿਆਲਾ

ਮਾਪਿਆਂ ਦੀ ਮਮਤਾ ਤੇ ਭਰਾਵਾਂ ਦਾ ਪਿਆਰ ਵੀ ਮਿਲਦਾ

ਮੋਹਾਲੀ, 30 ਜਨਵਰੀ (ਵੀਨਾ ਰਾਜਪੂਤ) ਚੰਡੀਗੜ੍ਹ ਕੁਰਾਲੀ ਰੋਡ 'ਤੇ ਸਥਿਤ ਪਿੰਡ ਪਡਿਆਲਾ ਵਿਖੇ ਯੂਨੀਵਰਸਲ ਡਿਸ਼ੈਬਲਡ ਕੇਅਰ ਟੇਕਰ ਵੇਲਫੇਅਰ ਸੋਸਾਇਟੀ ਰਜਿ ਪਡਿਆਲਾ ਦੁਆਰਾ ਚਲਾਇਆ ਜਾ ਵਿਸ਼ਵ ਅਪਾਹਿਜ ਕੇਂਦਰ ਸਮਾਜ ਵੱਲੋਂ ਲਿਤਾੜੇ ਗਏ ਸੈਂਕੜਿਆਂ ਬੇਸਹਾਰਾ, ਮੰਦਬੁੱਧੀ, ਮਾਨਸਿਕ ਰੋਗੀ, ਅੰਗਹੀਣ, ਅਨਾਥ ਅਤੇ ਲਾਵਾਰਿਸ ਇਨਸਾਨਾਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਸਾਲ 2003 ਦੇ ਵਿੱਚ ਹੋਂਦ ਵਿੱਚ ਆਈ ਇਸ ਸੰਸਥਾ ਵੱਲੋਂ ਹੁਣ ਤੱਕ ਲਗਪਗ 250 ਮਾਨਸਿਕ ਰੋਗੀਆਂ ਨੂੰ ਠੀਕ ਕਰਨ ਤੋਂ ਬਾਅਦ ਉਹਨਾਂ ਦੇ ਵਾਰਿਸਾਂ ਦੇ ਹਵਾਲੇ ਕੀਤਾ ਜਾ ਚੁੱਕਾ ਹੈ ਤੇ ਇਸ ਵੇਲ੍ਹੇ ਵੀ ਇੱਥੇ ਲਗਪਗ 145 ਬੇਸਹਾਰਾ ਬਜ਼ੁਰਗ, ਔਰਤਾਂ, ਬੱਚੇ ਅਤੇ ਨੌਜਵਾਨ ਇਸ ਕੇਂਦਰ ਵਿੱਚ ਆਪਣਾ ਜੀਵਨ ਆਪਣਾ ਬਤੀਤ ਕਰ ਰਹੇ ਹਨ। ਇਹਨਾਂ ਵਿੱਚ ਲਗਪਗ 55 ਔਰਤਾਂ, 15 ਬਜ਼ੁਰਗ ਅਤੇ 25 ਬੱਚੇ ਹਨ ਜਿਹਨਾਂ ਨੂੰ ਅਲੱਗ ਅਲੱਗ ਸਕੂਲਾਂ ਵਿੱਚ ਸੰਸਥਾ ਦੁਆਰਾ ਸਿੱਖਿਆ ਦੁਆਈ ਜਾ ਰਹੀ ਹੈ। ਇਹਨਾਂ ਤੋਂ ਇਲਾਵਾ ਇੱਥੇ ਕਾਫ਼ੀ ਗਿਣਤੀ ਵਿੱਚ ਨੌਜਵਾਨ ਵੀ ਹਨ ਜਿਹਨਾਂ ਵਿੱਚ ਕੁਝ ਚੰਗੇ ਪੜ੍ਹੇ ਹੋਣ ਦੇ ਬਾਵਜੂਦ ਅਲੱਗ ਅਲੱਗ ਕਾਰਨਾਂ ਕਰਕੇ ਮਾਨਸਿਕ ਰੋਗੀ ਬਣ ਕੇ ਦੀਨ ਦੁਨੀਆਂ ਭੁੱਲ ਚੁੱਕੇ ਹਨ। ਇਸ ਸੰਸਥਾ ਵਿੱਚ ਦਾਖਿਲ ਸਾਰੇ ਪੀੜ੍ਹਤਾਂ ਨੂੰ ਸੰਸਥਾ ਦੇ ਪ੍ਰਬੰਧਕਾਂ ਵੱਲੋਂ ਮਾਪਿਆਂ ਦੀ ਮਮਤਾ ਤੇ ਭੈਣ ਭਰਾਵਾਂ ਦਾ ਪਿਆਰ ਦੇਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਸੰਸਥਾ ਦੇ ਮੁੱਖ ਸੇਵਾਦਾਰ ਭਾਈ ਸ਼ਮਸ਼ੇਰ ਸਿੰਘ ਜੋ ਕਿ ਪੇਸ਼ੇ ਵਜੋਂ ਫਾਰਮਾਸਿਸਟ ਹਨ, ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਬੇਵਸ ਅਤੇ ਲਾਚਾਰ ਇਨਸਾਨਾਂ ਦੇ ਦਾਖ਼ਲੇ ਲਈ ਲਗਾਈ ਗਈਆਂ ਸਖ਼ਤ ਸ਼ਰਤਾਂ ਦੇ ਕਾਰਨ ਅਜਿਹੇ ਪੀੜ੍ਹਤ ਇਨਸਾਨਾਂ ਨੂੰ ਸਮੇਂ ਦੀਆਂ ਹਨੇਰੀਆਂ ਤੇ ਝੱਖੜਾਂ 'ਚ ਰੁੱਲਦੇ ਹੋਏ ਵੇਖ ਕੇ ਨਿੱਜੀ ਤੌਰ 'ਤੇ ਉਹਨਾਂ ਨੂੰ ਕਿਤੇ ਵੀ ਦਾਖ਼ਿਲ ਕਰਾਉਣ ਵਿੱਚ ਪੇਸ਼ ਆਈਆਂ ਔਕੜਾਂ ਤੋਂ ਬਾਅਦ ਉਹਨਾਂ ਨੇ ਆਪਣੀ ਘਰ ਵਾਲੀ ਬੀਬੀ ਰਾਜਿੰਦਰ ਕੌਰ ਦੇ ਨਾਲ ਵਾਹਿਗੁਰੂ ਦਾ ਨਾਂ ਲੈ ਕੇ ਕਿਰਾਏ ਦੇ ਮਕਾਨ ਵਿੱਚ ਕੰਮ ਸ਼ੁਰੂ ਕੀਤਾ ਸੀ ਜੋ ਅੱਜਕੱਲ੍ਹ ਆਪਣੇ ਉਦੇਸ ਵਿੱਚ ਸਫ਼ਲ ਹੁੰਦਾ ਨਜ਼ਰ ਆ ਰਿਹਾ ਹੈ। ਉਹਨਾਂ ਦੱਸਿਆ ਕਿ ਸੰਸਥਾ ਦੀ ਇੱਕ ਬਰਾਂਚ ਪਿੰਡ ਝੰਜੇੜੀ ਵਿਖੇ ਵੀ ਹੈ ਜਿੱਥੇ ਲਗਪਗ 20 ਪੀੜ੍ਹਤ ਰਹਿ ਰਹੇ ਹਨ। ਉਹਨਾਂ ਦੱਸਿਆ ਕਿ ਸੰਸਥਾ ਹੁਣ ਤੱਕ 245 ਪੀੜ੍ਹਤਾਂ ਨੂੰ ਇਲਾਜ ਕਰਾ ਕੇ ਹਾਲਤ ਦੇ ਆਧਾਰ 'ਤੇ ਉਹਨਾਂ ਦੇ ਵਾਰਿਸਾਂ ਹਵਾਲੇ ਕਰ ਚੁੱਕੀ ਹੈ ਜਦੋਂ ਕਿ 16 ਪੀੜ੍ਹਤ ਸਵਰਗ ਸਿਧਾਰ ਚੁੱਕੇ ਹਨ। ਉਹਨਾਂ ਦੱਸਿਆ ਕਿ ਦੋ ਕਨਾਲ ਜ਼ਮੀਨ ਉਤੇ ਬਣੇ ਤਿੰਨ ਮੰਜ਼ਿਲਾ ਬਿਲਡਿੰਗ ਵਿੱਚ ਮੌਜੂਦਾ ਪੀੜ੍ਹਤ ਹੀ ਬਹੁਤ ਮੁਸ਼ਕਲ ਨਾਲ ਰਹਿ ਰਹੇ ਹਨ ਜਦਕਿ ਬਹੁਤ ਸਾਰੀਆਂ ਮਜ਼ਬੂਰ ਵਿਧਵਾ ਮਾਵਾਂ ਵੱਲੋਂ ਲਾਚਾਰ ਪੁੱਤਰਾਂ ਨੂੰ ਅਤੇ ਭੈਣਾਂ ਵੱਲੋਂ ਯਤੀਮ ਹੋਏ ਲਾਚਾਰ ਭਰਾਵਾਂ ਦੇ ਦਾਖ਼ਲੇ ਲਈ ਅਪੀਲ ਲਗਾਈ ਜਾ ਰਹੀ ਹੈ ਪ੍ਰੰਤੂ ਜਗ੍ਹਾ ਦੀ ਘਾਟ ਹੋਣ ਕਾਰਨ ਸੰਸਥਾ ਉਹਨਾਂ ਦੀ ਮਦਦ ਕਰਨ ਦੀ ਇੱਛਾ ਰੱਖਦੀ ਹੋਈ ਕੁਝ ਨਹੀਂ ਕਰ ਸਕਦੀ। ਉਹਨਾਂ ਬਹੁਤ ਦੁੱਖ ਭਰੇ ਅੰਦਾਜ਼ ਵਿੱਚ ਕਿਹਾ ਕਿ ਅੱਜ ਤੱਕ ਸਰਕਾਰ ਵੱਲੋਂ ਸੰਸਥਾ ਨੂੰ ਇੱਕ ਵੀ ਮਾਲੀ ਪੈਸੇ ਦੀ ਮਦਦ ਨਹੀਂ ਆਈ ਜਦੋਂ ਕਿ ਉਹ ਸਮੇਂ ਸਮੇਂ 'ਤੇ ਕੰਮ ਵਿੱਚ ਅੜਿੱਕੇ ਜ਼ਰੂਰ ਪਾਉਂਦੀ ਰਹਿੰਦੀ ਹੈ। ਉਹਨਾਂ ਦੱਸਿਆ ਕਿ ਇੱਥੇ ਦਾਖ਼ਲ ਮਰੀਜ਼ਾਂ ਦੀ ਦੇਖਭਾਲ ਲਈ 40 ਕਰਮਚਾਰੀ ਹਨ ਅਤੇ ਦੋ ਐਂਬੂਲੈਂਸਾਂ ਹਨ ਜਿਹਨਾਂ ਰਾਹੀਂ ਲਾਵਾਰਿਸ/ਜ਼ਰੂਰਤਮੰਦ ਮਰੀਜ਼ਾਂ ਨੂੰ ਇੱਥੇ ਲਿਆਇਆ ਜਾਂਦਾ ਹੈ ਅਤੇ ਇਲਾਜ ਲਈ ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਚੈਰੀਟੇਬਲ ਹਸਪਤਾਲ ਸੋਹਾਣਾਂ ਜਾਂ ਸਰਕਾਰੀ ਹਸਪਤਾਲ ਸੈਕਟਰ 32 ਵਿੱਚ ਲਿਜਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਹਨਾਂ ਦੀਆਂ ਸਹੂਲਤਾਂ ਇੱਥੇ 24 ਘੰਟੇ ਫਾਰਮਾਸਿਸਟ ਰਹਿੰਦਾ ਹੈ ਅਤੇ ਬਿਜਲੀ ਪਾਣੀ ਦੀ ਸਹੂਲਤ ਲਈ ਜਨਰੇਟਰ ਦਾ ਪ੍ਰਬੰਧ ਕੀਤਾ ਹੋਇਆ ਹੈ। ਉਹਨਾਂ ਦੱਸਿਆ ਕਿ ਸੰਸਥਾ ਵੱਲੋਂ ਇੱਕ ਪੰਘੂੜਾ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਕੋਈ ਵੀ ਇਨਸਾਨ ਲਾਵਾਰਿਸ/ਯਤੀਮ ਬੱਚੇ ਨੂੰ ਪਾ ਸਕਦਾ ਹੈ ਤੇ ਸੰਸਥਾ ਉਸ ਬੱਚੇ ਨੂੰ ਪੜ੍ਹਾ ਲਿਖਾ ਕੇ ਉਸ ਨੂੰ ਪੈਰਾਂ 'ਤੇ ਖੜ੍ਹਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ ਅਤੇ ਜੇਕਰ ਕੋਈ ਉਚਿਤ ਇਨਸਾਨ ਅਜਿਹੇ ਬੱਚੇ ਨੂੰ ਗੋਦ ਲੈਣਾ ਚਾਹੁੰਦੀ ਹੈ ਤਾਂ ਉਸ ਨੂੰ ਪੂਰੇ ਕਾਨੂੰਨੀ ਕਾਰਵਾਈ ਕਰਕੇ ਬੱਚਾ ਉਹਨਾਂ ਦੇ ਸਪੁਰਦ ਕੀਤਾ ਜਾਂਦਾ ਹੈ। ਭਾਈ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਭਾਵੇਂ ਸਰਕਾਰ ਵੱਲੋਂ ਕੋਈ ਸਹਾਇਤਾ ਨਹੀਂ ਮਿਲ ਰਹੀ ਪਰ ਫਿਰ ਵੀ ਸਮਾਜ ਦੇ ਦਿਆਲੂ ਸੱਜਣਾਂ ਦੇ ਸਹਾਰੇ ਇਹ ਸੰਸਥਾ ਬੇਸਹਾਰਿਆਂ ਦਾ ਸਹਾਰਾ ਬਣਨ 'ਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਹਨਾਂ ਕਿਹਾ ਕਿ ਜੇਕਰ ਸਰਕਾਰ ਉਹਨਾਂ ਨੂੰ ਸਹਿਯੋਗ ਦੇਵੇ ਤਾਂ ਉਹਨਾਂ ਦੀ ਇੱਛਾ ਹੈ ਕਿ ਇੱਥੇ ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਆਦਿ ਲਈ ਅਲੱਗ ਅਲੱਗ ਰਹਿਣ ਦਾ ਪ੍ਰਬੰਧ ਕਰਕੇ ਉਹਨਾਂ ਦੀ ਦੇਖਭਾਲ ਕਰ ਸਕਣ।

ਰਾਸ਼ਟਰ ਮੰਡਲ ਖੇਡਾਂ 'ਚ ਦਰਸ਼ਕਾਂ ਨੂੰ ਸਾਰੀ ਜਾਣਕਾਰੀ ਮਿਲੇਗੀ

ਕਮਲਜੀਤ ਥਾਬਲਕੇ

ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਲਈ ਪਹਿਲੇ ਗੇੜ 'ਚ ਦਿੱਲੀ ਸਰਕਾਰ 10 ਹਜ਼ਾਰ ਸਕੂਲੀ ਗਾਈਡ ਉਪਲਬਧ ਕਰਵਾਏਗੀ ਤਾਂ ਕਿ ਖਿਡਾਰੀਆਂ ਅਤੇ ਦੇਸ਼ ਦੁਨੀਆਂ ਦੇ ਦਰਸ਼ਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਕਠਨਾਈ ਦਾ ਸਾਹਮਣਾ ਨਾ ਕਰਨਾ ਪਵੇ। ਦੂਸਰੇ ਗੇੜ 'ਚ ਸਰਕਾਰ 50 ਹਜ਼ਾਰ ਹੋਰ ਗਾਈਡ ਮੁਹੱਈਆ ਕਰਵਾਉਣ 'ਚ ਮੱਦਦ ਕਰੇਗੀ। ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਭਾਰਤੀ ਓਲੰਪਿਕ ਸੰਘ ਦੇ ਸੁਰੇਸ਼ ਕਲਮਾਡੀ ਦੀ ਮੌਜੂਦਗੀ 'ਚ ਰਾਸ਼ਟਰਮੰਡਲ ਖੇਡਾਂ ਲਈ ਸਭ ਤੋਂ ਪਹਿਲਾਂ ਤਿਆਰ ਸਟੇਡੀਅਮ ਲੁਡਾਲੋ ਕੈਸਲ ਦਾ ਉਦਘਾਟਨ ਕੀਤਾ। ਇੱਥੇ ਕੁਸ਼ਤੀ ਦਾ ਮੁਕਾਬਲੇ ਹੋਣਗੇ। ਸ਼ੀਲਾ ਦੀਕਸ਼ਤ ਨੇ ਉਦਘਾਟਨ ਮੌਕੇ ਕਿਹਾ ਕਿ ਦਿੱਲੀ ਸਰਕਾਰ ਰਾਸ਼ਟਰਮੰਡਲ ਖੇਡਾਂ ਨਾਲ ਜੁੜੇ ਸਾਰੇ ਕੰਮ ਸਮੇਂ 'ਤੇ ਪੂਰਾ ਕਰੇਗੀ। ਨਾਲ ਹੀ ਇਨ੍ਹਾਂ ਯੋਜਨਾਵਾਂ ਲਈ ਧੰਨ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਖਰਚ ਨੂੰ ਧਿਆਨ 'ਚ ਰੱਖਕੇ ਰਾਸ਼ਟਰ ਮੰਡਲ ਖੇਡਾਂ ਦੇ ਮਦਦ ਲਈ 1300 ਕਰੋੜ ਰੁਪਏ ਦੀ ਹੋਰ ਰਾਸ਼ੀ ਇਕੱਠੀ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਦਿੱਲੀ ਸਰਕਾਰ ਦੁਆਰਾ ਤਿਆਰ ਕੀਤਾ ਜਾ ਰਿਹਾ ਤਿਆਗਰਾਜ ਅਤੇ ਛੱਤਸਾਲ ਸਟੇਡੀਅਮ ਦੇ ਨਿਰਮਾਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਹ ਦੋਵੇਂ ਮਾਰਚ ਤੱਕ ਬਣ ਕੇ ਤਿਆਰ ਹੋ ਜਾਣਗੇ। ਉਨ੍ਹਾਂ ਦਾ ਦਾਅਵਾ ਹੈ ਕਿ ਤਿਆਗਰਾਜ ਸਟੇਡੀਅਮ ਦੇਸ਼ ਦੇ ਵਧੀਆਂ ਸਟੇਡੀਅਮਾਂ 'ਚ ਇੱਕ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਦਾ ਆਯੋਜਨ ਦਿੱਲੀ 'ਚ ਹੋਣਾ ਇੱਥੋਂ ਦੇ ਲੋਕਾਂ ਲਈ ਗੌਰਵ ਵਾਲੀ ਗੱਲ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਖੇਡਾਂ ਦੇ ਆਯੋਜਨ ਲਈ ਦਿੱਲੀ 'ਚ ਜੋ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ ਉਹ ਅੱਗੇ ਚੱਲਕੇ ਦਿੱਲੀ ਦੇ ਖਿਡਾਰੀਆਂ ਅਤੇ ਬੱਚਿਆਂ ਲਈ ਕੰਮ ਆਵੇਗਾ। ਸ਼ੀਲਾ ਦੀਕਸ਼ਤ ਨੇ ਦਿੱਲੀ ਦੇ ਖਿਡਾਰੀਆਂ ਨੂੰ ਕਿਹਾ ਕਿ ਉਹ ਵੱਧ ਤੋਂ ਵੱਧ ਮੈਡਲ ਜਿੱਤ ਕੇ ਦੇਸ਼ ਦਾ ਗੌਰਵ ਵਧਾਉਣ। ਇਸ ਮੌਕੇ 'ਤੇ ਭਾਰਤੀ ਓਲੰਪਿਕ ਸੰਘ ਅਤੇ ਰਾਸ਼ਟਰਮੰਡਲ ਖੇਡ ਆਯੋਜਨ ਸਮਿਤੀ ਦੇ ਸੁਰੇਸ਼ ਕਲਮਾਡੀ ਨੇ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਦੇ ਆਯੋਜਨ ਦੇ ਬਾਅਦ ਅਸੀਂ ਪੂਰੀ ਕੋਸ਼ਿਸ਼ ਕਰੇਗਾਂ ਕਿ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੇ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਦੇਸ਼ 'ਚ ਕ੍ਰਿਕਟ ਨੂੰ ਹੀ ਜ਼ਿਆਦਾ ਮਹੱਤਤ ਦਿੱਤਾ ਜਾਂਦਾ ਹੈ, ਜਦਕਿ ਇਹ ਖੇਡ ਵਿਸ਼ਵ ਦੇ ਕੁੱਲ 10-11 ਦੇਸ਼ਾਂ 'ਚ ਹੀ ਖੇਡਿਆ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਓਲੰਪਿਕ ਖੇਡ 200 ਤੋਂ ਜ਼ਿਆਦਾ ਦੇਸ਼ਾਂ 'ਚ ਖੇਡੇ ਜਾਂਦੇ ਹਨ। ਉਨ੍ਹਾਂ ਨੇ ਉਮੀਦ ਕੀਤੀ ਕਿ ਰਾਸ਼ਟਰਮੰਡਲ ਖੇਡਾਂ ਦੇ ਆਯੋਜਨ ਤੋਂ ਬਾਅਦ ਦਿੱਲੀ ਅੰਤਰਰਾਸ਼ਟਰੀ ਸੈਰ ਸਪਾਟੇ ਦੇ ਕੇਂਦਰ ਵਜੋਂ ਉੱਭਰੇਗੀ। ਦਿੱਲੀ ਦੇ ਲੋਕ ਨਿਰਮਾਣ ਮੰਤਰੀ ਰਾਜ ਕੁਮਾਰ ਚੌਹਾਨ ਨੇ ਦਾਅਵਾ ਕੀਤਾ ਕਿ ਬਾਰਾਪੁਲਾ ਐਲੀਵੇਟਿਡ ਰੋਡ ਅਤੇ ਸਲੀਮਗੜ੍ਹ ਬਾਈਪਾਸ ਵੀ ਮਈ, ਜੂਨ ਤੱਕ ਤਿਆਰ ਹੋ ਜਾਵੇਗਾ। ਸਿੱਖਿਆ ਮੰਤਰੀ ਅਰਵਿੰਦਰ ਸਿੰਘ ਨੇ ਮੁੱਖ ਮੰਤਰੀ ਸ੍ਰੀਮਤੀ ਦੀਕਸ਼ਤ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਮਦਦ ਨਾਲ ਦਿੱਲੀ ਦੇ ਬੱਚਿਆਂ ਨੂੰ ਅੰਤਰਰਾਸ਼ਟਰੀ ਲੈਵਲ 'ਤੇ ਕੁਸ਼ਤੀ ਟ੍ਰੇਨਿੰਗ ਕੇਂਦਰ ਮਿਲਿਆ ਹੈ।